# ਅਮਰੀਕਨ ਕਬਜ਼ੇ ਖ਼ਿਲਾਫ਼ ਇਰਾਕ ਦੇ ਲੋਕਾਂ ਦਾ ਸੰਘਰਸ਼ ਜ਼ਿੰਦਾਬਾਦ

ਇਰਾਕ ਉੱਤੇ ਅਮਰੀਕਨ ਫੌਜ ਦੇ ਕਬਜ਼ੇ ਦੇ ਤਿੰਨ ਸਾਲ ਪੂਰੇ ਹੋ ਗਏ ਹਨ। ਇਰਾਕੀ ਲੋਕਾਂ ਲਈ ਇਹ ਤਿੰਨ ਸਾਲ ਕਤਲੋਗਾਰਤ, ਦੁਖ ਤਕਲੀਫ਼ਾਂ, ਮੁਸੀਬਤਾਂ ਅਤੇ ਤਸੀਹਿਆਂ ਦੇ ਸਾਲ ਰਹੇ ਹਨ। ਲੱਖਾਂ ਹੀ ਮਸੂਮਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ। ਹਜ਼ਾਰਾਂ ਨੂੰ ਅੱਬੂ ਗਰੀਬ ਵਰਗੀਆਂ ਜੇਲ੍ਹਾਂ ਵਿਚ ਤਸੀਹੇ ਦਿਤੇ ਜਾ ਰਹੇ ਹਨ। ਪਰ ਇਰਾਕ ਦੇ ਲੋਕ ਅਮਰੀਕਨ ਫੌਜ ਅਤੇ ਇਹਦੇ ਮੁਕਾਮੀ ਝੋਲੀਚੁਕਾਂ ਦਾ ਬੜੀ ਬਹਾਦਰੀ ਨਾਲ ਮੂੰਹ-ਤੋੜਵਾਂ ਜਵਾਬ ਦੇ ਰਹੇ ਹਨ। ਦੱਸਿਆ ਜਾਂਦਾ ਹੈ ਕਿ ਅਮਰੀਕਨ ਅਫ਼ਸਰ ਅਤੇ ਉਨ੍ਹਾਂ ਦੇ ਇਰਾਕੀ ਪਿੱਠੂ ਬਗ਼ਦਾਦ ਦੇ ਗਰੀਨ ਜ਼ੋਨ (ਮਹਿਫ਼ੂਜ਼ ਇਲਾਕੇ) ਤੋਂ ਬਾਹਰ ਨਹੀਂ ਜਾ ਸਕਦੇ। ਅਮਰੀਕਨ ਅਖ਼ਬਾਰਨਵੀਸ  ਅਤੇ ਹੋਰ ਮੀਡੀਏ ਵਾਲੇ ਵੀ ਗਰੀਨ ਜ਼ੋਨ ਜਾਂ ਆਪਣੇ ਹੋਟਲਾਂ ਤਕ ਹੀ ਮਹਿਦੂਦ ਹਨ ਇਸ ਕਰਕੇ ਉਨ੍ਹਾਂ ਦੀਆਂ ਖ਼ਬਰਾਂ ਵਿਚ ਸੱਚਾਈ ਬਹੁਤ ਹੀ ਘੱਟ ਹੁੰਦੀ ਹੈ। ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਇਰਾਕ ਵਿਚ ਕੀ ਹੋ ਰਿਹਾ ਹੈ। ਉਹ ਅਮਰੀਕਨ ਸਰਕਾਰ ਦੇ ਬਿਆਨ ਹੀ ਛਾਪਦੇ ਦੁਹਰਾਉਂਦੇ ਰਹਿੰਦੇ ਹਨ।

ਅਮਰੀਕਨ ਸਾਮਰਾਜ ਅਤੇ ਇਸ ਦੇ ਝੋਲੀਚੁਕ ਇਰਾਕੀ ਲੋਕਾਂ ਦੇ ਘੋਲ ਨੂੰ ਕਮਜ਼ੋਰ ਕਰਨ ਲਈ ਫਿਰਕੂ ਹਿੰਸਾ ਰਾਹੀਂ ਲੋਕਾਂ ਨੂੰ ਪਾੜਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਖ਼ਾਨਾ ਜੰਗੀ ਦੀਆਂ ਧਮਕੀਆਂ ਦੇ ਰਹੇ ਹਨ। ਇਹ ਲੋਕਾਂ ਵਿਚ ਸੁੱਨੀ ਸ਼ੀਆ ਅਤੇ ਹੋਰ ਬਹਾਨੀ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਅਮਰੀਕਨ ਕਬਜ਼ੇ ਖ਼ਿਲਾਫ਼ ਲੋਕਾਂ ਦੇ ਘੋਲ ਨੂੰ ਇਹ ਕਮਜ਼ੋਰ ਨਹੀਂ ਕਰ ਸਕੇ ਹਨ। ਇਰਾਕ ਦੇ ਲੋਕਾਂ ਨੇ ਬਹੁਤ ਹੀ ਮੁਸ਼ਕਲ ਹਾਲਾਤ ਵਿਚ ਦੁਨੀਆ ਦੇ ਲੋਕਾਂ ਲਈ ਬਹੁਤ ਬਹਾਦਰੀ ਦਾ ਨਮੂਨਾ ਪੇਸ਼ ਕੀਤਾ ਹੈ। ਅਮਰੀਕਨ ਕਬਜ਼ੇ ਖ਼ਿਲਾਫ਼ ਲੋਕ ਮਜ਼ਹਬੀ, ਸਿਆਸੀ ਅਤੇ ਹੋਰ ਗੱਲਾਂ ਦੇ ਫ਼ਰਕ ਦੇ ਬਾਵਜੂਦ ਇੱਕਮੁੱਠ ਹੋਕੇ ਅਮਰੀਕਨ ਫੌਜ ਦੇ ਛੱਕੇ ਛੁੜਾ ਰਹੇ ਹਨ। ਸ਼ਹਿਰਾਂ ਅਤੇ ਪਿੰਡਾਂ ਵਿਚ ਜਾਣ ਤੋਂ ਅਮਰੀਕਨ ਫੌਜ ਹੁਣ ਡਰਦੀ ਹੈ। ਇਹ ਵੀ ਦਸਿਆ ਜਾਂਦਾ ਹੈ ਕਿ ਅਮਰੀਕਾ ਮੁਖ਼ਾਲਫ਼ ਤਾਕਤਾਂ ਨੇ ਇਰਾਕੀ ਫੌਜ ਅਤੇ ਪੁਲਿਸ ਵਿਚ ਵੀ ਕਾਫ਼ੀ ਘੁਸਪੈਠ ਕਰ ਲਈ ਹੈ ਅਤੇ ਅਮਰੀਕਨ ਫੌਜਾਂ ਦੀ ਨਕਲੋ ਹਰਕਤ ਬਾਰੇ ਖ਼ੁਫ਼ੀਆ ਖ਼ਬਰਾਂ ਵੀ ਲੋਕਾਂ ਨੂੰ ਮਿਲ ਜਾਂਦੀਆਂ ਹਨ ਅਤੇ ਇਹਦਾ ਫ਼ਾਇਦਾ ਉਠਾ ਕੇ ਉਹ ਕਾਬਜ਼ ਫੌਜਾਂ ਤੇ ਧਾਵੇ ਬੋਲਦੇ ਹਨ।

ਇਹ ਵੀ ਦੱਸਿਆ ਜਾਂਦਾ ਹੈ ਕਿ ਅਮਰੀਕਨ ਫੌਜ ਦੇ ਹੌਸਲੇ ਪਸਤ ਹੋ ਚੁਕੇ ਹਨ ਅਤੇ ਕਈ ਅਮਰੀਕਨ ਫੌਜੀਆਂ ਨੇ ਖ਼ੁਦਕਸ਼ੀ ਵੀ ਕਰ ਲਈ ਹੈ। ਅਮਰੀਕਨ ਫੌਜ ਦੇ ਸੈਂਕੜੇ ਸਿਪਾਹੀ ਜ਼ਿਹਨੀ ਤਵਾਜ਼ਨ ਗੁਆ ਚੁੱਕੇ ਹਨ। ਅਮਰੀਕਨ ਸਿਪਾਹੀਆਂ ਵਿਚ ਇਸ ਵਹਿਸ਼ੀ ਜੰਗ ਦੇ ਖ਼ਿਲਾਫ਼ ਰੋਹ ਵੀ ਵੱਧ ਰਿਹਾ ਹੈ। ਹੁਣੇ ਜਿਹੇ ਅਮਰੀਕਾ ਵਿਚ ਲੱਖਾਂ ਹੀ ਲੋਕਾਂ ਨੇ ਇਰਾਕ ਉਪਰ ਅਮਰੀਕੀ ਫੌਜੀ ਕਬਜ਼ੇ ਦੇ ਖ਼ਿਲਾਫ਼ ਮੁਜ਼ਾਹਰੇ ਕੀਤੇ ਹਨ। ਦਰਜਨਾਂ ਹੀ ਸ਼ਹਿਰਾਂ ਨੇ ਇਸ ਜੰਗ ਖ਼ਿਲਾਫ਼ ਮਤੇ ਵੀ ਪਾਸ ਕੀਤੇ ਹਨ।

ਇਰਾਕੀ ਲੋਕਾਂ ਦੀ ਜੰਗੇ ਆਜ਼ਾਦੀ ਨੂੰ ਤਮਾਮ ਦੁਨੀਆ ਦੇ ਲੋਕਾਂ ਦੀ ਹਿਮਾਇਤ ਹਾਸਲ ਹੈ। ਹਰ ਮੁਸ਼ਕਲ ਦੇ ਬਾਵਜੂਦ ਜ਼ੁਲਮ ਅਤੇ ਜਬਰ ਦੇ ਖ਼ਿਲਾਫ਼ ਆਪਣਾ ਸੰਘਰਸ਼ ਘੋਲ ਚਾਲੂ ਰਖਣ ਅਤੇ ਸਿਰ ਉੱਚਾ ਰੱਖਣ ਵਿਚ ਉਹ ਦੁਨੀਆ ਦੇ ਲੋਕਾਂ ਸਾਹਮਣੇ ਇਕ ਵਧੀਆ ਨਮੂਨਾ ਹਨ। ਜਿੱਤ ਯਕੀਨੀ ਹੀ ਇਰਾਕੀ ਲੋਕਾਂ ਦੀ ਹੋਵੇਗੀ। ਅਮਰੀਕਨ ਸਾਮਰਾਜ ਨੂੰ ਵੀਅਤਨਾਮ ਵਾਂਗ ਹੀ ਉਥੋਂ ਦੌੜਨਾ ਪਵੇਗਾ।